The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




18 January 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਸ਼ਾਂਤੀ ਪਸੰਦ ਨਿਊਜ਼ੀਲੈਂਡ ਦਾ ਬ੍ਰਿਟਿਸ਼ ਪਰਿਵਾਰ 'ਤੇ ਫੁੱਟਿਆ ਕਹਿਰ, ਕਰੇਗਾ ਡਿਪੋਰਟ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਮ ਤੌਰ 'ਤੇ ਨਊਜ਼ੀਲੈਂਡ ਦੇ ਲੋਕ ਬੜੇ ਨਿਮਰ ਸੁਭਾਅ ਦੇ ਮੰਨੇ ਜਾਂਦੇ ਹਨ ਪਰ ਇੰਗਲੈਂਡ ਦੇ ਇੱਕ ਪਰਿਵਾਰ ਦੇ ਸਾਹਮਣੇ ਉਨ੍ਹਾਂ ਦੀ ਸਾਰੀ ਨਿਮਰਤਾ ਜਾਂਦੀ ਰਹੀ। ਦਰਅਸਲ ਇਸ ਅੰਗਰੇਜ਼ੀ ਪਰਿਵਾਰ ਨੇ ਅਜਿਹਾ ਕੁਝ ਕੀਤਾ ਹੈ ਜਿਸ ਕਰਕੇ ਨਿਊਜ਼ੀਲੈਂਡ ਦੇ ਲੋਕ ਕਾਫੀ ਨਾਰਾਜ਼ ਹਨ। ਉਨ੍ਹਾਂ ਇਸ ਪਰਿਵਾਰ ਨੂੰ 'ਸੂਰ ਤੋਂ ਵੀ ਘਟੀਆ' ਕਰਾਰ ਦਿੱਤਾ ਹੈ। ਹੁਣ ਪਰਿਵਰ ਨੂੰ ਡਿਪੋਰਟ, ਯਾਨੀ ਵਾਪਸ ਇੰਗਲੈਂਡ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ।ਨਿਊਜ਼ੀਲੈਂਡ ਦੇ ਆਕਲੈਂਡ ਤੇ ਹੈਮਿਲਟਨ ਵਰਗੇ ਸ਼ਹਿਰਾਂ ਵਿੱਚ ਇਸ ਪਰਿਵਾਰ ਖ਼ਿਲਾਫ਼ ਗੰਦਗੀ ਫੈਲਾਉਣ, ਹਮਲਾ ਕਰਨ, ਮੁਫ਼ਤ 'ਚ ਹੋਟਲ ਦਾ ਖਾਣਾ ਖਾਣ ਤੇ ਲੋਕਾਂ ਨੂੰ ਡਰਾਉਣ-ਧਮਕਾਉਣ ਸਮੇਤ ਕਈ ਤਰ੍ਹਾਂ ਦੇ ਇਲਜ਼ਾਮ ਲੱਗੇ ਹਨ। ਆਕਲੈਂਡ ਦੇ ਮੇਅਰ ਫਿਲ ਗਾਫ ਨੇ ਇਸ ਪਰਿਵਾਰ ਖ਼ਿਲਾਫ਼ ਪੁਲਿਸ ਕਾਰਵਾਈ ਦੀ ਮੰਗ ਕੀਤੀ ਹੈ। ਇੱਥੋਂ ਤਕ ਕਿ ਉਨ੍ਹਾਂ ਸਥਾਨਕ ਰੇਡੀਓ 'ਤੇ ਪਰਿਵਾਰ ਨੂੰ 'ਕੂੜਾ ਤੇ ਜੋਕ' ਤਕ ਕਹਿ ਦਿੱਤਾ।ਮੇਅਰ ਨੇ ਜਾਣਕਾਰੀ ਦਿੱਤੀ ਕਿ ਇਹ ਪਰਿਵਾਰ ਸੂਰ ਤੋਂ ਵੀ ਘਟੀਆ ਹਨ। ਉਨ੍ਹਾਂ ਕਿਹਾ ਕਿ ਉਹ ਇਸ ਪਰਿਵਾਰ ਨੂੰ ਦੇਸ਼ ਤੋਂ ਬਾਹਰ ਵੇਖਣਾ ਚਾਹੁੰਦੇ ਹਨ। ਹਾਸਲ ਜਾਣਕਾਰੀ ਮੁਤਾਬਕ ਇਸ ਪਰਿਵਾਰ ਨੂੰ ਵਾਪਸ ਭੇਜਣ ਦਾ ਨੋਟਿਸ ਦੇ ਦਿੱਤਾ ਗਿਆ ਹੈ। ਇਸ ਪਿੱਛੇ ਉਨ੍ਹਾਂ ਦੇ ਵਿਹਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਦੱਸਿਆ ਜਾਂਦਾ ਹੈ ਕਿ ਪਰਿਵਾਰ ਦੇ 24 ਸਾਲਾ ਮੈਂਬਰ ਨੇ ਪੈਟਰੋਲ ਸਟੇਸ਼ਨ ਤੋਂ 37 ਡਾਲਰ ਦੀਆਂ ਚੀਜ਼ਾਂ ਚੋਰੀ ਕਰਨ ਦਾ ਜ਼ੁਰਮ ਕਬੂਲਿਆ ਹੈ।

## ਨਿਊਜੀਲੈਂਡ 'ਚ 2016 ਵਿੱਚ ਬੰਦ ਹੋਈ ਪੇਰੇਂਟ ਵੀਜਾ ਸ਼੍ਰੇਣੀ ਦੁਬਾਰਾ ਖੁੱਲਣ ਦੇ ਅਸਾਰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲ਼ੈਂਡ ਵਿੱਚ ਪੱਕੇ ਰਿਹਾਇਸ਼ੀ ਅਤੇ ਸਿਟੀਜਨ ਆਪਣੇ ਮਾਪਿਆਂ ਨੂੰ ਨਿਊਜੀਲੈਂਡ ਬੁਲਾ ਸਕਣਗੇ। ਇਸ ਦਾ ਕਾਰਨ ਨਿਊਜੀਲੈਂਡ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਤੋਂ ਬੰਦ ਪਈ ਪੇਰੇਂਟ ਵੀਜਾ ਸ਼੍ਰੇਣੀ ਨੂੰ ਖੋਲਣ ਵੱਲ ਕੀਤਾ ਗਿਆ ਇਸ਼ਾਰਾ ਹੈ। ਸਾਲ 2016 ਵਿੱਚ ਨੈਸ਼ਨਲ ਸਰਕਾਰ ਨੇ ਇਹ ਸ੍ਰੇਣੀ ਬੰਦ ਕਰ ਦਿੱਤੀ ਸੀ। ਅਤੇ ਇਸ ਨੂੰ ਬੰਦ ਕਰਨ ਦਾ ਕਾਰਨ ਉਸ ਵੇਲੇ ਦੇ ਇਮੀਗ੍ਰੇਸ਼ਨ ਮੰਤਰੀ ਮਾਈਕਲ ਵੁੱਡਹਾਊਸ ਨੇ ਇਸ ਸ੍ਰੇਣੀ ਤਹਿਤ ਵੀਜਾ ਲੈਣ ਵਾਲਿਆਂ ਦੀ ਵੱਡੀ ਗਿਣਤੀ ਦੱਸਿਆ ਸੀ।

ਉਨ੍ਹਾਂ ਕਿਹਾ ਸੀ ਕਿ ਵੀਜਾ ਲੈਣ ਵਾਲਿਆਂ ਦੀਆਂ ਫਾਈਲਾਂ ਦੇ ਸਰਕਾਰ ਕੋਲ ਕਾਫੀ ਢੇਰ ਲੱਗ ਗਏ ਹਨ। ਪਰ ਹੁਣ ਇਹ ਸ੍ਰੇਣੀ ਦੁਬਾਰਾ ਖੁੱਲ ਸਕਦੀ ਹੈ ਇਸ ਸਬੰਧੀ ਬੋਲਦਿਆਂ ਇਮੀਗ੍ਰੇਸ਼ਨ



ਮਨਿਸਟਰ ਲੈਨ ਲੀ ਗਲੋਏ ਦੇ ਬੁਲਾਰੇ ਨੇ ਦੱਸਿਆ ਕਿ ਸਰਕਾਰ ਜਲਦ ਹੀ ਇਸ ਸ਼੍ਰੇਣੀ ਨੂੰ ਦੋਬਾਰਾ ਤੋਂ ਖੋਲ ਸਕਦੀ ਹੈ ਅਤੇ ਇਸ ਦਾ ਲਾਹਾ 5730 ਉਨ੍ਹਾਂ ਕੇਸਾਂ ਨੂੰ ਵੀ ਹੋਏਗਾ, ਜੋ ਇਸ ਸ਼੍ਰੇਣੀ ਦੇ ਬੰਦ ਹੋਣ ਦੇ ਚਲਦਿਆਂ ਅੱਧ-ਵਿਚਾਲੇ ਹੀ ਲਟਕੀਆਂ ਸਨ। ਉਸ ਵੇਲੇ ਦੀ ਸਰਕਾਰ ਨੇ ਇਸ ਸ਼੍ਰੇਣੀ ਤਹਿਤ ਦਿੱਤੇ ਜਾਣ ਵਾਲੇ ਸਲਾਨਾ ਵੀਜਿਆਂ ਦੀ ਗਿਣਤੀ ਨੂੰ ਵੀ ਘਟਾ ਕੇ 2000 ਕਰ ਦਿੱਤਾ ਸੀ ਜਦਕਿ 2015 ਵਿੱਚ ਇਹ 5500 ਸੀ।

## ਨਿਊਜ਼ੀਲੈਂਡ 'ਚ ਜਾਇਦਾਦ ਦੀ ਵਿਕਰੀ ਦਸੰਬਰ 'ਚ ਪਿਛਲੇ ਸੱਤ ਸਾਲਾਂ ਚ ਸਭ ਤੋਂ ਘੱਟ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਰੀਅਲ ਅਸਟੇਟ ਇੰਸਟੀਚਿਊਟ ਆਫ ਨਿਊਜ਼ੀਲੈਂਡ ਦੇ ਤਾਜ਼ਾ ਅੰਕੜਿਆਂ ਅਨੁਸਾਰ ਪਿਛਲੇ ਮਹੀਨੇ ਦਸੰਬਰ ਵਿਚ ਵੇਚੀਆਂ ਗਈਆਂ ਰਿਹਾਇਸ਼ੀ ਜਾਇਦਾਦਾਂ ਪਿਛਲੇ ਸੱਤ ਸਾਲਾਂ ਵਿਚ ਸਭ ਤੋਂ ਘੱਟ ਹਨ।

ਇਨ੍ਹਾਂ ਵਿੱਚ ਦਸੰਬਰ 2018 ਵਿਚ ਸਾਲ ਦਰ ਸਾਲ ਆਧਾਰ ਤੇ 12.9 ਫੀਸਦੀ ਕਮੀ ਆਈ, 5330 ਮਕਾਨ ਵੇਚੇ ਗਏ - ਦਸੰਬਰ 2017 ਤੋਂ 787 ਘਰਾਂ ਦੀ ਬਰਾਮਦ।

ਆਕਲੈਂਡ ਨੂੰ ਛੱਡ ਕੇ, ਦਸੰਬਰ 2017 ਦੇ ਮੁਕਾਬਲੇ ਵੇਚਣ ਵਾਲੇ ਨਿਊਜ਼ੀਲੈਂਡ ਦੀ ਜਾਇਦਾਦ ਵਿੱਚ 8.2 ਫੀਸਦੀ ਦੀ ਕਮੀ ਆਈ ਹੈ, ਇਹ ਪੰਜ ਸਾਲਾਂ ਵਿੱਚ ਦਸੰਬਰ ਦੇ ਮਹੀਨੇ ਲਈ ਸਭ ਤੋਂ ਘੱਟ ਸੀ।ਔਕਲੈਂਡ 'ਚ ਦਸੰਬਰ ਮਹੀਨੇ ਪਿਛਲੇ 10 ਸਾਲਾਂ ਚ ਸਭ ਤੋਂ ਘੱਟ ਵਿਕਰੀ ਹੋਈ ਵੇਚੀ ਗਈ ਰਿਹਾਇਸ਼ੀ ਜਾਇਦਾਦਾਂ ਦੀ ਸਭ ਤੋਂ ਵੱਡੀ ਸਾਲਾਨਾ ਗਿਰਾਵਟ:

ਆਕਲੈਂਡ: -24.3% (1765 ਤੋਂ 1336 - 429 ਘੱਟ ਘਰਾਂ ਤੱਕ)

ਤਾਰਾਨਕੀ: -23.0% (161 ਤੋਂ 124 - 37 ਛੋਟੇ ਘਰਾਂ ਤੱਕ)

ਵੇਲਿੰਗਟਨ: -16.2% (792 ਤੋਂ 664 - 128 ਘੱਟ ਘਰਾਂ ਤੱਕ)

ਓਟਾਗੋ : -14.6% (391 ਤੋਂ 334 - 57 ਛੋਟੇ ਘਰਾਂ ਤੱਕ)

ਡਿੱਗਣ ਦੇ ਬਾਵਜੂਦ, ਦਸੰਬਰ 2018 ਵਿੱਚ ਕੌਮੀ ਮੱਧਮਾਨ ਘਰ ਦੀ ਕੀਮਤ 1.5 ਫੀ ਸਦੀ ਤੋਂ ਵਧ ਕੇ 560,000



ਡਾਲਰ ਹੋ ਗਈ ਜੋ ਦਸੰਬਰ 2017 ਵਿੱਚ 551,750 ਡਾਲਰ ਸੀ।

"ਇਹ ਕੀਮਤ ਦੇ ਨਜ਼ਰੀਏ ਤੋਂ ਇਕ ਮਜ਼ਬੂਤ ਮਹੀਨਾ ਸੀ, ਕਿਉਂਕਿ ਨਿਊਜੀਲੈਂਡ ਦੇ ਹਰ ਖੇਤਰ ਵਿਚ ਔਸਤ ਕੀਮਤ ਵਿਚ ਸਲਾਨਾ ਵਾਧਾ ਹੋਇਆ ਸੀ।

## ਫਿਲਹਾਲ ਪੰਡਯਾ-ਰਾਹੁਲ ਦੀਆਂ ਵਾਪਸੀਆਂ ਦੀਆਂ ਉਮੀਦਾਂ ਧੁੰਦਲੀਆਂ

ਇਕ ਟੀ. ਵੀ. ਚੈਟ ਸ਼ੋਅ ਵਿਚ ਮਹਿਲਾਵਾਂ 'ਤੇ ਇਤਰਾਜ਼ਯੋਗ ਟਿੱਪਣੀਆਂ ਕਰਨ ਕਾਰਨ ਮੁਅੱਤਲ ਕਰ ਦਿੱਤੇ ਗਏ ਭਾਰਤੀ ਕ੍ਰਿਕਟਰ ਹਾਰਦਿਕ ਪੰਡਯਾ ਤੇ ਲੋਕੇਸ਼ ਰਾਹੁਲ ਦੀਆਂ ਤੁਰੰਤ ਟੀਮ ਇੰਡੀਆ ਵਿਚ ਵਾਪਸੀ ਦੀਆਂ ਉਮੀਦਾਂ ਧੁੰਦਲੀਆਂ ਪੈ ਗਈਆਂ ਹਨ ਕਿਉਂਕਿ ਸੁਪਰੀਮ ਕੋਰਟ ਵਿਚ ਲੋਢਾ ਕਮੇਟੀ ਦੀਆਂ ਸਿਫਾਰਿਸ਼ਾਂ ਨਾਲ ਸਬੰਧਤ ਮਾਮਲੇ ਦੀ ਸੁਣਵਾਈ ਅਗਲੇ ਹਫਤੇ ਤਕ ਲਈ ਟਲ ਗਈ ਹੈ। ਸੁਣਵਾਈ ਵਿਚ ਹੋਰਨਾਂ ਮੁੱਦਿਆਂ ਦੇ ਨਾਲ ਦੋਵਾਂ ਭਾਰਤੀ ਕ੍ਰਿਕਟਰਾਂ ਦੀ ਕਿਸਮਤ ਦਾ ਵੀ ਫੈਸਲਾ ਹੋਣਾ ਸੀ। ਇਸ ਵਿਚਾਲੇ ਪੰਡਯਾ ਤੇ ਰਾਹੁਲ ਨੇ ਮਹਿਲਾਵਾਂ 'ਤੇ ਉਨ੍ਹਾਂ ਇਤਰਾਜ਼ਯੋਗ ਟਿੱਪਣੀਆਂ ਲਈ ਅਧਿਕਾਰੀਆਂ ਦੀ ਕਮੇਟੀ (ਸੀ. ਓ. ਏ.) ਦੀ ਅਨੁਸ਼ਾਸਨਹੀਣਤਾ ਤੇ ਗਲਤ ਵਤੀਰੇ ਲਈ ਲਾਏ ਗਏ ਦੋਸ਼ਾਂ 'ਤੇ ਖੁਦ ਨੂੰ ਦੋਸ਼ੀ ਮੰਨਿਆ ਹੈ।

## ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਨਿਊਜੀਲੈਂਡ ਪ੍ਰਧਾਨ ਮੰਤਰੀ ਨਾਲ ਚੀਨ ਮਸਲੇ ਸਬੰਧੀ ਫੋਨ 'ਤੇ ਕੀਤੀ ਗੱਲਬਾਤ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿਊਜੀਲੈਂਡ ਦੀ ਪ੍ਰਧਾਨ ਮੰਤਰੀ ਨਾਲ ਫੋਨ 'ਤੇ ਚੀਨ ਮਸਲੇ ਨੂੰ ਲੈ ਕੇ ਗੱਲਬਾਤ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਚੀਨ ਅਤੇ ਕੈਨੇਡਾ 'ਚ ਵੱਧ ਰਹੇ ਕੂਟਨੀਤਿਕ ਝਗੜੇ ਸਬੰਧੀ ਚੀਨ 'ਤੇ ਦਬਾਅ ਪਾਉਣ ਲਈ ਨਿਊਜੀਲੈਂਡ ਨੂੰ ਕੈਨੇਡਾ ਦਾ ਸਾਥ ਦੇਣਾ ਚਾਹੀਦਾ ਹੈ। ਟਰੂਡੋ ਦੇ ਦਫ਼ਤਰ ਅਨੁਸਾਰ, ਚੀਨ ਵਿਚ ਕੈਨੇਡੀਅਨ ਨਾਗਰਿਕਾਂ ਦੇ ਕਾਨੂੰਨੀ ਇਲਾਜ ਅਤੇ ਨਜ਼ਰਬੰਦੀ ਬਾਰੇ ਅਤੇ ਕੈਨੇਡਾ ਵਿਚ ਇਕ ਕਾਰਜਕਾਰੀ ਦੇ ਹਵਾਲਗੀ ਕੇਸ ਬਾਰੇ ਚਰਚਾ ਕੀਤੀ ਗਈ। ਦਫਤਰ ਨੇ ਕਿਹਾ ਕਿ ਆਪਣੇ ਕੈਨੇਡਾ ਸੱਤਾਧਾਰੀ ਸਹਿਯੋਗੀਆਂ ਨਾਲ ਸੰਪਰਕ ਕਰ ਰਿਹਾ ਹੈ, ਨਿਊਜ਼ੀਲੈਂਡ ਵੀ ਕੈਨੇਡਾ ਦਾ ਸਹਿਯੋਗੀ ਹੈ।ਨਿਊਜ਼ੀਲੈਂਡ ਸਰਕਾਰ ਨੂੰ ਇਸ ਮੁੱਦੇ 'ਤੇ ਕੈਨੇਡਾ ਦੇ ਨਾਲ ਖੜ੍ਹੇ ਹੋਣ ਦੀ ਜ਼ਰੂਰਤ ਹੈ. ਸਾਨੂੰ ਆਪਣੇ ਮਿੱਤਰਾਂ ਅਤੇ ਸਹਿਯੋਗੀਆਂ ਦੀ ਸਹਾਇਤਾ ਦੀ ਵੀ ਜ਼ਰੂਰਤ ਹੈ ਅਤੇ ਸਾਨੂੰ ਆਪਣੇ ਮੁੱਲਾਂ-



ਆਧਾਰਿਤ ਵਿਦੇਸ਼ ਨੀਤੀ ਨੂੰ ਅੱਗੇ ਵਧਾਉਣਾ ਚਾਹੀਦਾ ਹੈ।

ਇਸ ਸਬੰਧੀ ਨਿਊਜੀਲੈਂਡ ਪ੍ਰਧਾਨ ਮੰਤਰੀ ਨੇ ਕੋਈ ਟਿੱਪਣੀ ਨਹੀਂ ਕੀਤੀ , ਪਰ ਮੰਤਰੀ ਗ੍ਰਾਂਟ ਰੌਬਰਟਸਨ ਨੇ ਪੁਸ਼ਟੀ ਕੀਤੀ ਕਿ ਜੈਕਿੰਦਾ ਅਰਡਨ ਨਾਲ ਟਰੂਡੋ ਨੇ ਇੱਕ ਸੰਖੇਪ ਗੱਲਬਾਤ ਕੀਤੀ ਹੈ। ਨਿਊਜੀਲੈਂਡ ਸਰਕਾਰ ਨੂੰ ਇਸ ਮਾਮਲੇ 'ਚ ਬਾਰੀਕੀ ਨਾਲ ਨਜਰ ਰੱਖਣੀ ਚਾਹੀਦੀ ਹੈ ਤਾਂ ਜੋ ਵਿਦੇਸ਼ਾਂ ਵਿਚ ਨਿਊਜ਼ੀਲੈਂਡ ਦੇ ਯਾਤਰੀਆਂ ਦੀ ਸੁਰੱਖਿਆ 'ਤੇ ਅਸਰ ਨਾ ਪਵੇ, ਪਰ ਚੀਨ ਦੀ ਯਾਤਰਾ ਲਈ ਸਲਾਹ ਇਹੀ ਹੈ ਕਿ ਸੁਰੱਖਿਆ ਤੇ ਸਾਵਧਾਨੀ ਵਰਤਣੀ ਸੀ। ਟਰੂਡੋ ਨੇ ਅਰਜਨਟੀਨਾ ਦੇ ਰਾਸ਼ਟਰਪਤੀ, ਅਮਰੀਕਾ, ਯੂਰਪੀਅਨ ਯੂਨੀਅਨ, ਫਰਾਂਸ, ਜਰਮਨੀ, ਬ੍ਰਿਟੇਨ ਅਤੇ ਆਸਟਰੇਲੀਆ ਸਮੇਤ ਸਹਿਯੋਗੀ ਦੇਸ਼ਾਂ ਤੋਂ ਸਹਿਯੋਗ ਮੰਗਿਆ ਹੈ।




## ਭਾਰਤੀ ਮੂਲ ਦੇ ਡਾਕਟਰ ਦੀ ਅਪੀਲ ਰੱਦ, ਡੂਨੇਡਿਨ 'ਚ ਹੀ ਚੱਲੇਗਾ ਕੇਸ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) : ਭਾਰਤੀ ਮੂਲ ਦਾ ਡਾਕਟਰ ਵਿਨੋਦ ਸਕਾਂਤਾ ਜੋ ਕਿ ਨਿਊਜੀਲੈਂਡ ਦੇ ਡੂਨੇਡਿਨ ਵਿੱਚ ਰਹਿ ਰਿਹਾ ਹੈ ਅਤੇ ਉਸ 'ਤੇ ਇੱਕ 16 ਸਾਲਾ ਕੁੜੀ ਦੇ ਕਤਲ ਦਾ ਕੇਸ ਚੱਲ ਰਿਹਾ ਹੈ। ਡਾਕਟਰ ਵੱਲੋਂ ਕਤਲ ਦਾ ਮੁਕਦਮਾ ਡੂਨੇਡਿਨ ਤੋਂ ਬਾਹਰ ਚਲਾਉਣ ਲਈ ਅਪੀਲ ਕੀਤੀ ਗਈ ਸੀ ਜਿਸਨੂੰ ਅਦਾਲਤ ਨੇ ਅੱਜ ਰੱਦ ਕਰਕੇ ਫੈਸਲਾ ਸੁਣਾਉਂਦਿਆਂ ਇਹ ਕਿਹਾ ਗਿਆ ਕਿ ਕੇਸ ਡੂਨੇਡਿਨ ਵਿੱਚ ਹੀ ਚੱਲੇਗਾ ਅਤੇ ਇਸ ਨਾਲ ਵਿਨੋਦ ਸਕਾਂਤਾਂ ਨੂੰ ਕੋਈ ਫਰਕ ਨਹੀਂ



ਪੈਣਾ ਚਾਹੀਦਾ ? ਪਿਛਲੇ ਸਾਲ ਫਰਵਰੀ ਵਿੱਚ 16 ਸਾਲਾ ਐਂਬਰ ਰੋਸ ਰੱਸ਼ ਨਾਮ ਦੀ ਲੜਕੀ ਦੇ ਕਤਲ ਕੇਸਨ ਵਿੱਚ ਡਾਕਟਰ ਦੀ ਗ੍ਰਿਫਤਾਰੀ ਹੋਈ ਸੀ।